# ਪਲ-ਛਿਣ

(ਹਾਇਕੂ)

# ਪਲ-ਛਿਣ

(ਹਾਇਕੂ)

ਪ੍ਰੋ: ਦਰਬਾਰਾ ਸਿੰਘ

**Pal-Chhin**
**(Haiku)**
***by***
**Prof. Darbara Singh**

Bal Kunj, Bhadson Road
Vill.jassowal, P.O.Sidhuwal, Patiala 147001
E-mail: darbaras@yahoo.com
Tel.(+91)175 6541685, (M) (+91)98141 95508
Punjabi Haiku

2010
Published by Lokgeet Parkashan
S.C.O. 26-27, Sector 34 A, Chandigarh-160022
India
Ph.0172-5077427, 5077428
Punjabi Bhawan Ludhiana, 98154-71219
Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

*© 2010, Author*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of the copyright owner.*

## ਸਮਰਪਣ

ਅਮਰਜੀਤ ਸਾਥੀ
ਨੂੰ
ਜਿਸਨੇ ਮੇਰੀ ਕਲਮ ਨੂੰ
ਹਾਇਕੂ
ਦਾ ਰਾਹ ਵਿਖਾਇਆ
ਅਤੇ
ਮੇਰੀ ਦੋ ਸਾਲ ਦੀ ਪੋਤੀ
ਐਂਬਰ
ਨੂੰ
ਜਿਸਨੇ ਉਂਗਲ ਫੜ ਮੈਨੂੰ
ਸਹਿਜਤਾ
ਦਾ ਰਾਹ ਵਿਖਾਇਆ

## ਧੰਨਵਾਦ ਦੇ ਪਾਤਰ

ਸੁਤਿੰਦਰ ਸਿੰਘ ਨੂਰ, ਰਾਜਿੰਦਰ ਪਾਲ ਸਿੰਘ ਬਰਾੜ,
ਗੁਰਮੀਤ ਸੰਧੂ, ਗੁਰਪ੍ਰੀਤ (ਮਾਨਸਾ),
ਜਸਵਿੰਦਰ ਸਿੰਘ, ਪੰਜਾਬੀ ਹਾਇਕੂ ਬਲਾਗ ਦੇ ਪਾਠਕ
ਅਤੇ
ਮੇਰੀ ਪਤਨੀ ਮਹਿੰਦਰ ਅਤੇ ਸਾਰਾ ਪਰਿਵਾਰ

# ਵੰਦਨਾ

ਅਸੀਂ ਸਾਰੀ ਉਮਰ ਔਖੇ ਹੋਕੇ ਔਖੀਆਂ ਗੱਲਾਂ ਨੂੰ ਭਾਲਦੇ, ਉਨ੍ਹਾਂ ਦਾ ਹੱਲ ਲੱਭਦੇ ਗੁਜ਼ਾਰ ਦਿੰਦੇ ਹਾਂ। ਇਹ ਭੁੱਲ ਜਾਂਦੇ ਹਾਂ ਕਿ ਸਾਡੇ ਆਲੇ ਦੁਆਲੇ ਬੜੀਆਂ ਸਰਲ ਤੇ ਸੌਖੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ। ਇਹਨਾਂ ਨੂੰ ਜੇ ਸਹਿਜਮਤੇ ਅਨੁਭਵ ਕਰੀਏ ਤੇ ਫੇਰ ਸੁਭਾਵਕ ਤਰੀਕੇ ਨਾਲ, ਸਰਲਤਾ ਨਾਲ ਪੇਸ਼ ਕਰੀਏ, ਤਾਂ ਉਹ ਅਨੇਕ ਪਰਤੀ ਹੋਕੇ ਸਭ ਦਿਸ਼ਾਵਾਂ ਵਲ ਫੈਲ ਜਾਂਦੀਆਂ ਹਨ। ਹਰ ਨਜ਼ਰ, ਹਰ ਸੋਚ ਨੂੰ ਉਹ ਆਪਣੀਆਂ ਲੱਗਦੀਆਂ ਹਨ। ਹਾਇਕੂ ਔਖ ਦੀ ਨਹੀਂ ਸਹਿਜ ਦੀ ਕਵਿਤਾ ਹੈ, ਜੋ ਪਰਤ ਦਰ ਪਰਤ ਖੁਲ੍ਹਦੀ ਜਾਂਦੀ ਹੈ। ਜਿਸ ਦੀ ਹਰ ਤ\\ਹ ਹੇਠ ਜੋ ਬਿਲਕੁਲ ਨਵਾਂ ਦਿਸਦਾ ਹੈ, ਉਹ ਉਤਲੀ ਤਹਿ ਨਾਲੋਂ ਵੱਖਰਾ ਹੁੰਦਾ ਹੈ। ਅਸੀਂ ਸਹਿਜਤਾ ਨਾਲੋਂ ਟੁੱਟ ਗਏ ਹਾਂ। ਕਾਹਲ ਅਤੇ ਉਤਾਵਲਾਪਣ ਸਾਡੇ ਸੁਭਾ ਦਾ ਹਿੱਸਾ ਬਣ ਗਿਆ ਹੈ। ਤਾਂਹੀਂ ਤਾਂ ਧਿਆਨ ਅਵਸਥਾ ਵਿਚ ਪ੍ਰਵੇਸ਼ ਨਹੀਂ ਕਰ ਸਕਦੇ। ਧਿਆਨ ਤਾਂ ਆਲ਼ੇ ਦੁਆਲ਼ੇ ਦੇ ਬਹੁਰੰਗੀ ਵਾਪਰਦੇ ਭਾਂਤ ਭਾਂਤ ਦੇ ਪਸਾਰ, ਵਿਚ ਅਚਾਨਕ ਸਹਿਜ ਸੁਭਾ, ਕਿਸੇ ਇਕ ਛਿਣ ਦੀ ਪਕੜ, ਕਿਸੇ ਇਕ ਕਣ 'ਤੇ ਧਿਆਨ ਕੇਂਦਰਿਤ ਹੋਣ 'ਤੇ ਜੁੜਨ ਦੀ ਅਵਸਥਾ ਹੈ। ਜਿਸਦਾ ਪਕੜਨ ਤੇ ਜੁੜਨ ਵਾਲੇ ਨੂੰ ਵੀ ਪਤਾ ਨਹੀਂ ਲੱਗਦਾ ਕਿ ਉਹ ਕਦੋਂ ਤੇ ਕਿਉਂ ਇਸ ਅਵਸਥਾ ਵਿਚ ਆ ਗਿਆ।

ਮੈਂ ਹਾਇਕੂ ਵਿਧੀ ਨਾਲ, ਚੇਤੰਨ ਰੂਪ ਵਿਚ ਮਨੋਵੇਗ ਦੇ ਪ੍ਰਗਟਾਵੇ ਲਈ, ਜਾਂ ਹਾਇਕੂ-ਕਵੀ ਬਣਨ ਲਈ ਨਹੀਂ ਜੁੜਿਆ। ਮੈਂ ਤਾਂ ਸਿਰਫ ਗਿਣਤੀ ਵਧਾਉਣ ਲਈ ਹੱਥ ਖੜਾ ਕੀਤਾ ਸੀ, ਤਾਂ ਜੋ ਇਸ ਕਾਵਿ-

ਰੂਪ ਦਾ ਚਾਲਕ (ਅਮਰਜੀਤ ਸਾਥੀ) ਜੇਹੜੀ ਮੁਹਿੰਮ ਤੇ ਨਿਕਲਿਆ ਹੈ, ਗਿਣਤੀ ਪੱਖੋਂ ਹਾਇਕੂ ਪ੍ਰੇਮੀਆਂ ਦੀ ਘਾਟ ਮਹਿਸੂਸ ਨਾ ਕਰੇ। ਪਰ ਪਤਾ ਹੀ ਨਹੀਂ ਲੱਗਾ ਮੈਂ ਕਦੋਂ ਇਸਦੀ ਰਚਨਾ ਨਾਲ ਜੁੜ ਗਿਆ। ਹਾਂ ਐਨਾ ਕੁ ਜ਼ਰੂਰ ਸੀ ਕਿ ਜਦੋਂ ਕਿਸੇ ਅਜੇਹੇ ਛਿਣ ਦੀ ਹੋਂਦ ਸਾਹਮਣੇ ਆਉਂਦੀ, ਜਿਸਨੂੰ ਵੇਖ ਲਗਦਾ ਕਿ ਇਹ ਗੱਲ ਕਹਿਣਯੋਗ ਹੈ, ਤਾਂ ਮੈਂ ਉਸਨੂੰ ਸਾਂਭਣ ਦੀ,ਕੋਸ਼ਿਸ਼ ਜ਼ਰੂਰ ਕਰਦਾ। ਮੈਂ ਠੀਕ ਸੀ ਜਾਂ ਨਹੀਂ, ਇਸਦਾ ਨਿਸਤਾਰਾ ਤਾਂ ਪਾਠਕ ਹੀ ਕਰਨਗੇ, ਪਰ ਸਾਥੀ ਸਾਹਿਬ ਨੇ ਭੀੜ ਵਿਚ ਪਿਛੇ ਜੇਹੇ ਉੱਠੇ ਹੱਥ ਨੂੰ ਫੜ ਲਿਆ ਤੇ ਹੱਥ ਵਿਚ ਕਲਮੀ-ਝੰਡਾ ਦੇ ਕੇ ਅੱਗੇ ਤੋਰ ਲਿਆ।

ਮੈਨੂੰ ਧਿਆਨ ਵਾਰੇ ਕੁਝ ਨਹੀਂ ਪਤਾ, ਫੇਰ ਯੋਗ ਦੀ ਸਮਝ ਤਾਂ ਦੂਰ ਦੀ ਗੱਲ ਹੋਈ। ਪਹਿਲਾਂ ਨਿੱਕੇ ਹੁੰਦੇ ਮਾਂ ਕਹਿੰਦੀ ਹੁੰਦੀ ਸੀ, 'ਇਹਦਾ ਤਾਂ ਧਿਆਨ ਈ ਪਤਾ ਨੀ ਕਿੱਥੇ ਹੁੰਦੈ'। ਫੇਰ ਸਕੂਲ ਵਿਚ ਅਧਿਆਪਕ ਏਸੇ ਗੱਲ ਤੇ ਜ਼ੋਰ ਦਿੰਦੇ, 'ਤੇ ਧਿਆਨ ਨਾਲ ਸਮਝਣ ਦੀ ਕੋਸ਼ਿਸ਼ ਕਰਨ ਦੀ ਗੱਲ ਕਹਿੰਦੇ। ਅੱਜ ਕੱਲ੍ਹ ਬੀਵੀ ਕੋਲ ਏਹੀ ਰਟ ਹੈ, 'ਜੇ ਧਿਆਨ ਹੋਵੇ ਤਾਂ ਹੀ ਸਮਝੇਂ'। ਏਸ ਤੋਂ ਬਾਅਦ ਕੋਈ ਪੜਾਅ ਬਚਿਆ ਨਹੀਂ। ਪਰ ਐਨਾ ਕੁ ਜਾਣਦਾ ਹਾਂ ਕਿ ਕਦੇ ਕਦੇ ਕਿਸੇ ਛਿਣ,ਕਿਸੇ ਕਣ ਦੀ ਅਹਿਮੀਅਤ ਬਹੁਤ ਵੱਡੀ ਲਗਦੀ ਹੈ। ਤੁਹਾਡੀ ਅੰਦਰ-ਦ੍ਰਿਸ਼ਟੀ ਉਸਨੂੰ ਅਪਣਾ ਬਣਾਓਣ ਲਈ ਪ੍ਰੇਰਦੀ ਹੈ। ਤੁਸੀਂ ਉਸਨੂੰ ਫੁੱਲਾਂ ਵਾਂਗ ਨਿਹਾਰਦੇ ਤੇ ਸੰਭਾਲਦੇ ਹੋ,ਦੂਜਿਆਂ ਨਾਲ ਸਾਂਝਾ ਕਰਦੇ ਹੋ। ਜਦੋਂ ਉਨ੍ਹਾਂ ਨੂੰ ਵੀ ਉਸ ਵਿਚੋਂ ਸੁਗੰਧੀ ਮਹਿਸੂਸ ਹੁੰਦੀ ਹੈ ਉਹ ਤੁਹਾਡੀ ਸਿਮ੍ਰਤੀ 'ਚੋਂ ਸ਼ਬਦਾਂ ਦਾ ਜਾਮਾ ਪਹਿਨ, ਰਚਨਾ ਦਾ ਰੂਪ ਧਾਰ ਪਰਗਟ ਹੁੰਦੀ ਹੈ।

ਪ੍ਰਕ੍ਰਿਤੀ ਦੇ ਨਜ਼ਾਰੇ, ਰਿਸ਼ਤਿਆਂ ਦੀਆਂ ਬਰੀਕੀਆਂ ਤੇ ਸੰਘਣਤਾ, ਕੁਦਰਤ ਦੀ ਅਦਭੁੱਤਤਾ ਜੋ ਮਨ ਨੂੰ ਮੁਗਧ ਕਰਦੇ ਹਨ,

ਸਭ ਨੂੰ ਸਹਿਜਤਾ ਨਾਲ ਵੇਖਣ ਦੀ ਲੋੜ ਹੈ। ਰੁੱਖ ਨਾਲ ਲਿਪਟੀ ਵੇਲ, 'ਉਸ ਉਤੇ ਕਿਵੇਂ ਚੜ੍ਹੀ' ਨਾਲੋਂ, ਮਨ ਨੂੰ ਅਨੰਦਿੱਤ ਤੇ ਸ਼ਾਂਤ ਕਰਨ ਵਾਲਾ ਨਜ਼ਾਰਾ, ਜੋ ਉਹ ਦਿੰਦੀ ਹੈ, ਉਸ ਤਕ ਹੀ ਧਿਆਨ ਦੇਣ ਦੀ ਲੋੜ ਹੈ। ਜਦੋਂ ਮਨ ਦੀ ਅਨੰਦਿੱਤ ਅਵਸਥਾ ਤੁਹਾਡੀ ਰੂਹ ਨੂੰ ਵਿਸਮਾਦੀ ਸੁਆਦ ਨਾਲ ਇਕਮਿਕ ਕਰ ਦੇਵੇਗੀ, ਇਹ ਤੁਹਾਨੂੰ ਤੁਹਾਡੇ ਦੁਆਲੇ ਲਿਪਟੀ ਮਹਿਸੂਸ ਹੋਵੇਗੀ। ਤੁਹਾਨੂੰ ਖ਼ੁਦ ਹੀ ਸਮਝ ਆ ਜਾਵੇਗੀ, ਜ਼ੋਰ ਪਾਓਣ ਨਾਲ ਨਹੀਂ। ਅਨੇਕਾਂ ਯਾਦਾਂ, ਸਿਮਰਤੀ ਦਾ ਹਿੱਸਾ ਬਣ ਉਮਰਾਂ ਨਾਲ ਗੁਜ਼ਾਰ ਦਿੰਦੀਆਂ ਹਨ। ਅਨੇਕਾਂ ਕਦੇ ਜ਼ੋਰ ਪਾਓਣ ਤੇ ਵੀ ਹਿੱਸਾ ਨਹੀਂ ਬਣਦੀਆਂ। ਏਹੀ ਫਰਕ ਹੈ ਸਹਿਜ ਧਿਆਨ ਦਾ, ਜੋ ਆਪ ਮੁਹਾਰੇ ਜੁੜ ਜਾਂਦਾ ਹੈ, ਜ਼ੋਰ ਪਾਓਣ ਤੇ ਨਹੀਂ।

ਹਾਇਕੂ ਦਾ ਧਰਾਤਲ ਬੜਾ ਜ਼ਰਖ਼ੇਜ਼ ਹੈ, ਜਿਹੜਾ ਇਕ ਬਿੰਦੂ (ਦਾਣੇ) ਨੂੰ ਪੁੰਗਰਣ, ਫੈਲਣ ਦੀ ਅਸੀਮ ਚਰਮ ਸੀਮਾ ਤਕ ਲੈ ਜਾਂਦਾ ਹੈ। ਵੇਖਣ ਵਾਲੇ ਨੂੰ ਜਿਹੜਾ ਰੂਪ ਪਸੰਦੀ ਦਾ ਲਗਦਾ ਹੈ ਨਿਹਾਰਦਾ ਹੈ। ਸਭ ਕੁਝ ਗਿਣਤੀ ਮਿਣਤੀ ਦੇ ਅਧੀਨ ਵਾਪਰ ਰਿਹਾ ਹੈ, ਇਸ ਤੋਂ ਉਪਰ ਕੁਝ ਨਹੀਂ। ਸਾਡੇ ਬ੍ਰਹਿਮੰਡ (universe) ਵਿਚ ਜੋ ਕੁਝ ਹੈ, ਉਹ ਜਾਂ ਤਾਂ ਗਿਣਨਯੋਗ (ਗਿਣਿਆ ਜਾ ਸਕਦਾ ਹੈ) ਹੈ, ਜਾਂ ਮਿਣਨਯੋਗ (ਮਿਣਿਆ ਜਾ ਸਕਦਾ ਹੈ) ਹੈ। ਜਪਾਨੀ ਹਾਇਕੂ ਦੀ ਗਿਣਤੀ ਵੀ 5-7-5 ਓਂਝੀ ਹੈ ਮਿਣਤੀ ਵੀ 5-7-5 ਓਂਝੀ ਹੈ। ਜਪਾਨੀ ਭਾਸ਼ਾ ਦੇ ਵਿਅੰਜਨ ਸਵਰਾਂ ਸਹਿਤ ਹਨ, ਸਿਵਾਏ 'ਨ' ਵਿਅੰਜਨ ਦੇ।

ਪੰਜਾਬੀ ਸੁਭਾ ਗਿਣਤੀ ਮਿਣਤੀ ਦੇ ਚੱਕਰਾਂ ਤੋਂ ਦੂਰ ਹੀ ਰਹਿੰਦਾ ਹੈ। ਇਹੀ ਕਾਰਨ ਹੈ ਸਾਹਿਤਿਕ ਰਚਨਾਵਾਂ ਵਿਚ ਇਹ ਖੁੱਲ ਆਮ ਮਿਲਦੀ ਹੈ। ਮੇਰੀ ਇਸ ਰਚਨਾ ਵਿਚ ਵੀ ਇਹ ਰੁਚੀ ਤੁਹਾਨੂੰ ਨਜ਼ਰ ਆਏਗੀ। ਕਿਤੇ ਮਿਕਦਾਰ (metre) ਤੋਂ ਥਿੜਕੀ, ਕਿਤੇ ਮਕਸਦ ਤੋਂ

ਲਾਂਭੇ ਹੋਈ। ਕਿਸੇ ਲੰਮੀ ਪ੍ਰੰਪਰਾ ਦੀ ਘਾਟ ਨਵੇਂ ਲੇਖਕਾਂ ਲਈ ਮਜ਼ਬੂਰੀ ਦਾ ਬਹਾਨਾ ਤਾਂ ਦੇਵੇਗੀ ਹੀ। ਪਰਮਿੰਦਰ ਸੋਢੀ ਦੇ ਅਨੁਵਾਦਿਤ ਹਾਇਕੂ, ਅਮਰਜੀਤ ਸਾਥੀ ਦੀ "ਨਿਮਖ", ਦੇਵਿੰਦਰ ਪੂਨੀਆਂ ਦੀ "ਕਣੀਆਂ", "ਹਰੇ ਹਰੇ ਤਾਰੇ" ਵਿਸ਼ਵ ਦੇ ਬੱਚਿਆਂ ਦੇ ਅਨੁਵਾਦਿਤ ਹਾਇਕੂ ਅਤੇ ਸਾਥੀ ਦੇ "ਪੰਜਾਬੀ ਹਾਇਕੂ" ਬਲਾਗ ਤੋਂ ਬਿਨਾਂ, ਪੰਜਾਬੀ ਵਿਚ ਹੋਰ ਕੁਝ ਉਪਲਭਧ ਨਹੀਂ। "ਮਿੱਤਰਾਂ ਦੀ ਇਸ ਲੂਣ ਦੀ ਡਲ਼ੀ" ਨੂੰ ਤੁਹਾਡੀ ਸਵੀਕ੍ਰਿਤੀ ਮਿਸ਼ਰੀ ਤੋਂ ਵੀ ਮਿੱਠੀ ਬਣਾ ਦੇਵੇਗੀ।

ਸੁੰਦਰਾਂ ਪਾਵੇ ਖ਼ੈਰ
ਮੁੰਦਰਾਂ ਵਾਲੇ ਜੋਗੀ ਨੂੰ
ਖੜੀ ਭਿਖਾਰਨ ਬਣਕੇ

ਮੇਰੀ ਨਿਮਾਣੀ ਜੇਹੀ ਕੋਸ਼ਿਸ਼, ਤੁਹਾਡੇ ਅਮੁੱਲੇ, ਸਾਰਥਕ ਸੁਝਾਵਾਂ ਲਈ ਆਪਣੀ ਝੋਲੀ ਫੈਲਾਅ ਕੇ ਖੜੀ ਹੈ।

ਹੁੰਗਾਰੇ ਦੀ ਲੋੜ ਹੈ ਇਸ ਵਿਧਾ ਨੂੰ ਫੁੱਲਣ ਤੇ ਫਲਣ ਲਈ।

ਦਰਬਾਰਾ ਸਿੰਘ

# ਭੂਮਿਕਾ

ਪੁਸਤਕ **ਪਲ-ਛਿਣ** ਨਾਲ ਪ੍ਰੋ. ਦਰਬਾਰਾ ਸਿੰਘ ਉਨ੍ਹਾਂ ਪੰਜਾਬੀ ਕਵੀਆਂ ਵਿਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ ਨੇ ਸਾਹਿਤਕ ਯੋਗਤਾ ਨਾਲ ਹਾਇਕੂ ਦੀ ਰਚਨਾ ਕੀਤੀ ਹੈ। ਇਸ ਸਮੇਂ ਕੈਨੇਡਾ, ਅਮਰੀਕਾ, ਭਾਰਤ ਅਤੇ ਕਈ ਹੋਰ ਥਾਵਾਂ ਤੇ ਹਾਇਕੂ ਦੀ ਰਚਨਾ ਪੰਜਾਬੀ ਵਿਚ ਸਾਹਮਣੇ ਆਈ ਹੈ।ਅਮਰਜੀਤ ਸਾਥੀ ਤੇ ਕੁਝ ਹੋਰ ਕਵੀਆਂ ਨੇ ਇਸ ਨੂੰ ਸਾਹਿਤਕ ਯੋਗਤਾ ਨਾਲ ਸਥਾਪਤ ਕੀਤਾ ਹੈ। ਹਾਇਕੂ ਜਪਾਨੀ ਕਵਿਤਾ ਦਾ ਅਜਿਹਾ ਕਾਵਿ ਰੂਪ ਹੈ ਜਿਸਦੀ ਰਚਨਾ ਉਥੋਂ ਦਾ ਹਰ ਕਵੀ ਕਰਦਾ ਹੈ।ਅਸਲ ਵਿਚ ਜੋ ਕਵੀ ਹਾਇਕੂ ਨਹੀਂ ਲਿਖ ਸਕਦਾ ਉਸ ਨੂੰ ਕਵੀ ਹੀ ਸਵੀਕਾਰ ਨਹੀਂ ਕੀਤਾ ਜਾਂਦਾ। ਹਾਇਕੂ ਦੀਆਂ ਨਿਸ਼ਚਿਤ ਤੌਰ ਤੇ ਤਿੰਨ ਹੀ ਸਤਰਾਂ ਹੁੰਦੀਆਂ ਹਨ ਅਤੇ ਉਸ ਵਿਚ ਬਹੁਤ ਡੂੰਘੀ ਤਰ੍ਹਾਂ ਬਿੰਬਾਂ ਦੀ ਉਸਾਰੀ ਕੀਤੀ ਜਾਂਦੀ ਹੈ। ਇਸ ਲਈ ਹਾਇਕੂ ਵਧੇਰੇ ਪ੍ਰਕ੍ਰਿਤੀ ਦੇ ਬਿੰਬਾਂ ਨਾਲ ਸਬੰਧਿਤ ਰਿਹਾ ਹੈ। ਹੌਲੀ ਹੌਲੀ ਉਸ ਵਿਚ ਜ਼ਿੰਦਗੀ ਦੇ ਹੋਰ ਵਿਸ਼ੇ ਜਾਂ ਦਾਰਸ਼ਨਿਕ ਗੱਲਾਂ ਪ੍ਰਵੇਸ਼ ਕਰ ਗਈਆਂ ਹਨ।ਹਾਇਕੂ ਦੀ ਰਚਨਾ ਬਹੁਤ ਹੀ ਜਟਿਲ ਹੈ ਕਿਉਂਕਿ ਇਸ ਦੇ ਸੌਂਦਰਯ ਸ਼ਾਸਤਰ ਵਿਚ ਧਿਆਨੀ ਬੁੱਧਮੱਤ ਦਾ ਅੰਦਾਜ਼ ਸਮਾਇਆ ਹੋਇਆ ਹੈ ਤੇ ਇਸੇ ਲਈ ਇਹ ਸਹਿਜ ਸ਼ਾਂਤੀ ਤੇ ਸਮਾਧੀ ਵਰਗਾ ਹੈ। ਇਹ ਆਪਣੀ ਅੰਦਰਲੀ ਡੂੰਘਾਈ ਇਥੋਂ ਹੀ ਪ੍ਰਾਪਤ ਕਰਦਾ ਹੈ, ਇਸ ਵਿਚਲੀ ਵਕਰੋਕਤੀ ਇਸਨੂੰ ਸੁੰਦਰ ਬਣਾਉਂਦੀ ਹੈ ਪਰ ਇਸਦਾ ਅੰਦਾਜ਼ ਉਪਰੋਕਤ ਰੂਪ ਵਿਚ ਵੱਖਰਾ ਹੁੰਦਾ ਹੈ। ਪੰਜਾਬੀ ਵਿਚ ਤਿੰਨ ਸਤਰਾਂ ਵਾਲੇ ਕਾਵਿ ਰੂਪ ਲੋਕ ਗੀਤਾਂ ਵਿਚ ਟੱਪੇ, ਮਾਹੀਏ ਦੇ ਰੂਪ

ਵਿਚ ਆਮ ਸਨ ਪਰ ਹਾਇਕੂ ਦੀ ਵਿਧਾ ਉਨ੍ਹਾਂ ਤੋਂ ਵੱਖਰੀ ਹੈ, ਇਸ ਲਈ ਉਸਦੀ ਸੰਰਚਨਾ ਆਪਣੇ ਆਪ ਵਿਚ ਸੁਤੰਤਰ ਹੈ।

ਪੰਜਾਬੀ ਵਿਚ ਜਦੋਂ ਹਾਇਕੂ ਦਾ ਚਰਚਾ ਸਾਹਮਣੇ ਆਇਆ ਤਾਂ ਬਹੁਤ ਸਾਰੇ ਕਵੀਆਂ ਨੇ ਹਾਇਕੂ ਲਿਖਣੇ ਸ਼ੁਰੂ ਕਰ ਦਿਤੇ ਜਿਨ੍ਹਾਂ ਵਿਚ ਬਹੁਤੇ ਹਾਇਕੂ ਨਹੀਂ ਸੀ ਕੇਵਲ ਤਿੰਨ ਸਤਰੀ ਕਾਵਿ ਹੀ ਸੀ ਪਰ ਕੁਝ ਕਵੀਆਂ ਨੇ ਇਸਨੂੰ ਤਕਨੀਕੀ ਰੂਪ ਵਿਚ ਸਮਝਿਆ ਹੈ। ਦਰਬਾਰਾ ਸਿੰਘ ਉਨ੍ਹਾਂ ਕਵੀਆਂ ਵਿਚੋਂ ਇਕ ਹੈ, ਇਸੇ ਕਰਕੇ ਇਸ ਪੁਸਤਕ ਦੇ ਹਾਇਕੂ ਸਾਡੇ ਧਿਆਨ ਦਾ ਕੇਂਦਰ ਬਣਦੇ ਹਨ ਦਰਬਾਰਾ ਸਿੰਘ ਨੇ ਆਪਣੇ ਹਾਇਕੂਆਂ ਵਿਚ ਪੰਜਾਬ ਦੇ ਲੋਕ-ਸਭਿਆਚਾਰ ਦੇ ਦ੍ਰਿਸ਼ਾਂ ਨੂੰ ਸੰਜਮੀ ਰੂਪ ਵਿਚ ਬਹੁਤ ਡੂੰਘੀ ਤਰ੍ਹਾਂ ਸਮਝਿਆ ਹੈ। ਇਸੇ ਲਈ ਪ੍ਰਕਿਰਤੀ ਅਤੇ ਅਜਿਹੀ ਚੇਤਨਾ ਉਸਦੇ ਹਾਇਕੂਆਂ ਵਿਚ ਇਕਮਿਕ ਹੋ ਜਾਂਦੀਆਂ ਹਨ। ਪੰਜਾਬ ਦੇ ਲੋਕ-ਸਭਿਆਚਾਰ ਦੀ ਚੇਤਨਾ ਜਦੋਂ ਇਉਂ ਸਹਿਜੇ ਹੀ ਉਸਦੇ ਹਾਇਕੂਆਂ ਵਿਚ ਗੱਲ ਕਰਦੀ ਹੈ ਤਾਂ ਛੋਟੇ ਜਿਹੇ ਹਾਇਕੂ ਵਿਚ ਇਕ ਕਰੁਣਾ ਦਾ ਅਹਿਸਾਸ ਜਾਗ ਪੈਂਦਾ ਹੈ। ਇਹੀ ਦਰਬਾਰਾ ਸਿੰਘ ਦੇ ਹਾਇਕੂ ਦੀ ਵਿਲੱਖਣਤਾ ਹੈ। ਉਦਾਹਰਨ ਦੇ ਤੌਰ ਤੇ ਉਸਦਾ ਹਾਇਕੂ ਵੇਖਿਆ ਜਾ ਸਕਦਾ ਹੈ;

-ਡੋਲੀ ਤੁਰੀ ਸ਼ਿੰਗਾਰੀ
ਬਾਪੂ ਹੋਇਆ ਹਲਕਾ
ਸਾਡ਼ੇ ਦਾ ਲੜ ਭਾਰੀ

-ਮੋਢੇ ਪੋਤਾ ਚੁੱਕਿਆ
ਬਾਬਾ ਲੈ ਕੇ ਭਾਰ ਉਮਰ ਦਾ
ਖੂੰਡੀ ਉਤੇ ਝੁਕਿਆ

ਸਪਸ਼ਟ ਹੈ ਕਿ ਇਹ ਹਾਇਕੂ ਬਿੰਬ ਸਿਰਜਣ ਦੀ ਵਿਧੀ ਨਾਲ ਸਬੰਧਿਤ ਹੈ ਹੀ ਪਰ ਹਾਇਕੂ ਦੀ ਵਿਧੀ ਅਨੁਸਾਰ ਇਨ੍ਹਾਂ ਵਿਚ ਜੋ ਚੁੱਪ

ਪਈ ਹੈ, ਉਹ ਇਕ ਸਮਾਜਿਕ ਸਥਿਤੀ ਦਾ ਅਹਿਸਾਸ ਵੀ ਨਾਲ ਜਗਾਉਂਦੀ ਹੈ।

ਉਸ ਵਿਚ ਹੀ ਕਰੁਣਾ ਜਾਗਦੀ ਹੈ। ਇਸ ਦੇ ਨਾਲ ਹੀ ਉਸਦੇ ਉਹ ਹਾਇਕੂ ਵੀ ਦੇਖੇ ਜਾ ਸਕਦੇ ਹਨ ਜਿਨ੍ਹਾਂ ਵਿਚ ਪ੍ਰਕਿਰਤੀ ਦੇ ਬਿੰਬ ਹੁੰਦੇ ਹਨ, ਉਦਾਹਰਨ ਹੈ

-ਟੁੱਟਿਆ ਬੂਹਾ
ਤਿੜਕੀ ਥੰਮ੍ਹੀ ਵਾਲਾ ਛਤਨਾਂ
ਚਿੜੀ ਆਲ੍ਹਣਾ ਪਾਵੇ

-ਨਵੀਆਂ ਕਰੂੰਬਲਾਂ
ਟਾਹਣੀਂ ਫਸਿਆ
ਇਕ ਪੁਰਾਣਾ ਪੱਤਾ

ਇੱਥੇ ਜੋ ਬਿੰਬ ਸਿਰਜਣਾ ਹੋਈ ਹੈ ਕਰੁਣਾ ਦਾ ਅਹਿਸਾਸ ਇੰਨ੍ਹਾਂ ਵਿਚ ਵੀ ਸ਼ਾਮਲ ਹੈ। ਬੂਹਾ ਟੁੱਟਿਆ ਹੋਇਆ ਹੈ, ਥੰਮੀ ਤਿੜਕੀ ਹੋਈ ਹੈ, ਪੁਰਾਣਾ ਪੱਤਾ ਨਵੀਆਂ ਕਰੂੰਬਲਾਂ ਵਿਚ ਫਸਿਆ ਹੋਇਆ ਹੈ, ਇਉਂ ਇਕ ਪਾਸੇ ਪ੍ਰਕਿਰਤਕ ਸੁੰਦਰਤਾ ਦਾ ਬਿੰਬ ਅਤੇ ਨਾਲ ਹੀ ਪ੍ਰਕਿਰਤੀ ਵਿਗਸਣ ਦਾ ਬਿੰਬ ਹੈ ਕਿਉਂਕਿ ਚਿੜੀ ਆਲ੍ਹਣਾ ਪਾ ਰਹੀ ਹੈ ਅਤੇ ਦੂਜੇ ਪਾਸੇ ਉਹ ਬਿੰਬ ਜਿੰਨ੍ਹਾਂ ਵਿਚ ਜ਼ਿੰਦਗੀ ਤੇ ਪ੍ਰਕਿਰਤੀ ਦਾ ਰੂਪ ਵਿਹਾਅ ਰਿਹਾ ਹੈ। ਕਰੁਣਾ ਪੈਦਾ ਕਰ ਰਿਹਾ ਹੈ। ਦੋਹਾਂ ਦਾ ਜੁੱਟ ਹਾਇਕੂ ਨੂੰ ਪੂਰਾ ਕਰ ਰਿਹਾ ਹੈ। ਜਪਾਨੀ ਹਾਇਕੂ ਵਿਚ ਇਸ ਕਿਸਮ ਦੇ ਵਿਰੋਧ ਜੁੱਟ ਆਮ ਹਨ। ਇਉਂ ਦਰਬਾਰਾ ਸਿੰਘ ਕਾਵਿ ਸਿਰਜਣਾ ਕਰਨ ਲੱਗਿਆ ਇਸ ਕਾਵਿ-ਰੂਪ ਦੀ ਮੂਲ ਪਛਾਣ ਨਾਲ ਵੀ ਜੁੜਿਆ ਹੋਇਆ ਹੈ। ਇਸੇ ਲਈ ਉਸਦੀ ਇਹ ਪੁਸਤਕ ਪਲ-ਛਿਣ ਦੇ ਹਾਇਕੂ ਸਾਨੂੰ ਕੀਲਦੇ ਹਨ ਅਤੇ ਅਸੀਂ ਇੰਨ੍ਹਾਂ ਦਾ ਸੁਆਗਤ ਕਰਦੇ ਹਾਂ।

ਸੁਤਿੰਦਰ ਸਿੰਘ ਨੂਰ

## ਕੁਝ ਸ਼ਬਦ

ਹਾਇਕੂ ਪੰਜਾਬੀ ਦਾ ਮੌਲਿਕ ਕਾਵਿ-ਰੂਪ ਨਹੀਂ ਹੈ, ਜਿਵੇਂ ਗ਼ਜ਼ਲ, ਰੁਬਾਈ, ਸੋਨਿਟ ਆਦਿ ਵੀ ਮੌਲਿਕ ਰੂਪ ਨਹੀਂ ਹਨ। ਇਸੇ ਪ੍ਰਕਾਰ ਹਾਇਕੂ ਜਾਪਾਨੀ ਕਵਿਤਾ ਦਾ ਰੂਪ ਹੈ। ਪੰਜਾਬੀ ਵਿਚ ਸ਼ਲੋਕ, ਦੋਹੇ, ਟੱਪੇ ਆਦਿ ਕਈ ਲਘੂ ਆਕਾਰੀ ਰੂਪ ਹਨ, ਪਰ ਹਾਇਕੂ ਆਪਣੀ ਰੂਪ ਸੰਰਚਨਾ ਪੱਖੋਂ ਹੀ ਨਹੀਂ ਵਿਚਾਰ ਸੰਰਚਨਾ ਪੱਖੋਂ ਵੀ ਵੱਖਰਾ ਹੈ, ਜਪਾਨੀ ਹਾਇਕੂ ਵਿਚ 5-7-5 ਦੀ ਪੇਸ਼ਕਾਰੀ ਹੈ ਅਤੇ ਇਕਹਰੇ ਦ੍ਰਿਸ਼ ਦੀ ਸਿਰਜਣਾ ਹੈ। ਪੰਜਾਬੀ ਵਿਚ ਇਸ ਸਮੇਂ ਇਸ ਰੂਪ ਨੂੰ ਕਈ ਨਵੇਂ-ਪੁਰਾਣੇ ਕਵੀ ਅਪਣਾ ਰਹੇ ਹਨ । ਅਮਰਜੀਤ ਸਾਥੀ, ਗੁਰਮੀਤ ਸੰਧੂ, ਪਰਮਿੰਦਰ ਸੋਢੀ, ਗੁਰਪ੍ਰੀਤ, ਦਰਬਾਰਾ ਸਿੰਘ, ਕਸ਼ਮੀਰੀ ਲਾਲ ਚਾਵਲਾ, ਦਵਿੰਦਰ ਪੂਨੀਆ ਆਦਿ ਮੋਢੀ ਹਨ । ਇਸ ਸਮੇਂ ਪੰਜਾਬੀ ਦੇ ਹਾਇਕੂ ਬਲਾਗ ਤੇ ਕਈ ਕਵੀਆਂ ਦੇ ਹਾਇਕੂ ਦਰਜ ਹਨ। ਹਾਇਬਨ ਤੇ ਹਾਇਗਾ ਵੀ ਮਹੱਤਵਪੂਰਨ ਰੂਪਾਂ ਵਜੋਂ ਉਭਰ ਰਹੇ ਹਨ ।

ਪੰਜਾਬੀ ਹਾਇਕੂ ਕਵੀ ਕਈ ਤਜਰਬੇ ਵੀ ਕਰ ਰਹੇ ਹਨ । ਦਰਬਾਰਾ ਸਿੰਘ ਦੇ ਹਾਇਕੂਆਂ ਦੀਆਂ ਕਈ ਵਿਸ਼ੇਸ਼ਤਾਵਾਂ ਹਨ । ਉਸਦੇ ਹਾਇਕੂਆਂ ਵਿਚ ਅਕਸਰ ਤੁਕਾਂਤ ਮੇਲਿਆ ਮਿਲ ਜਾਂਦਾ ਹੈ । ਸ਼ਾਇਦ ਸ਼ੁੱਧ ਹਾਇਕੂ ਲੇਖਣ ਦੀ ਆਸ ਰੱਖਣ ਵਾਲਿਆਂ ਸ਼ੁੱਧਤਾਵਾਦੀਆਂ ਲਈ ਇਹ ਪਸੰਦੀ ਦੀ ਚੀਜ਼ ਨਾ ਹੋਵੇ ਪਰ ਮੈਨੂੰ ਇਹ ਤੁਕਾਂਤ ਚੰਗਾ ਲੱਗਦਾ ਹੈ । ਬਾਲੋ-ਮਾਹੀਏ ਦੇ ਟੱਪਿਆਂ ਵਿਚ ਤਾਂ ਆਮ ਕਰਕੇ ਪਹਿਲੀ ਤੁਕ ਰੂੜ ਭਾਵੇਂ ਤੁਕਾਂਤ ਮੇਲਣ ਲਈ ਹੀ ਘੜੀ ਜਾਂਦੀ ਸੀ, ਇਥੇ ਤਾਂ ਤਿੰਨ ਸਤਰਾਂ ਵਿਚੋਂ ਦੋ ਦਾ ਤੁਕਾਂਤ ਮੇਲ ਕੇ

ਅਨੋਖਾ ਸੰਗੀਤ ਸਿਰਜਿਆ ਜਾਂਦਾ ਹੈ, ਅਤੇ ਤਿੰਨੇ ਹੀ ਸਤਰਾਂ ਅਰਥਵਾਨ ਹੁੰਦੀਆਂ ਹਨ। ਇਸ ਨਾਲ ਹਾਇਕੂ ਯਾਦ ਵੀ ਜਲਦੀ ਹੋ ਜਾਂਦਾ ਹੈ ਅਤੇ ਪ੍ਰਭਾਵ ਵੀ ਦੂਣਾ ਹੋ ਜਾਂਦਾ ਹੈ ।

ਮੁੜ ਮੁੜ ਨਿਪਲ ਚੱਬੇ
ਰੀਂ ਰੀਂ ਕਰਦਾ ਬੱਚਾ
ਫੀਡਰ 'ਚੋਂ ਮਾਂ ਲੱਭੇ

ਉਨ੍ਹਾਂ ਦੇ ਹਾਇਕੂਆਂ ਦੀ ਇਕ ਹੋਰ ਵਿਸ਼ੇਸ਼ਤਾ ਪੰਜਾਬੀ ਸਭਿਆਚਾਰ ਦੇ ਦ੍ਰਿਸ਼ਾਂ ਨਾਲ ਭਰਪੂਰ ਹੋਣਾ ਹੈ, ਪ੍ਰਾਕਿਰਤਕ ਦ੍ਰਿਸ਼ ਤਾਂ ਹਾਇਕੂ ਦੀ ਪਛਾਣ ਹੈ ਪਰ ਸਭਿਆਚਾਰਕ ਦ੍ਰਿਸ਼ ਦਰਬਾਰਾ ਸਿੰਘ ਦੀ ਵਿਸ਼ੇਸ਼ਤਾ ਹੈ ।ਇੰਜ ਸ਼ਾਇਦ ਹਾਇਕੂ ਦੂਸਰੀ ਭਾਸ਼ਾ ਵਿਚ ਅਨੁਵਾਦਣ ਸਮੇਂ ਮੂਲ ਤਾਜ਼ਗੀ ਗੁਆ ਲੈਂਦੇ ਹੋਣਗੇ ਪਰ ਇਹ ਮੂਲ ਪੰਜਾਬੀ ਭਾਸ਼ੀ ਨੂੰ ਜੋ ਦ੍ਰਿਸ਼ ਸੁਆਦ ਦਿੰਦੇ ਹਨ, ਉਹ ਅਮੁੱਲ ਹੈ ।

ਨਿਸਰੀ ਕਣਕ
ਫੁੱਲੀ ਸਰੋਂ
ਸੁਪਨੇ ਖਿੜੇ

ਲਘੂ ਆਕਾਰੀ ਕਾਵਿ ਰੂਪਾਂ ਵਿਚ ਵਿਚਾਰਧਾਰਾ ਦੀ ਗੁੰਜਾਇਸ਼ ਬਹੁਤ ਘੱਟ ਹੁੰਦੀ ਹੈ, ਪਰ ਦਰਬਾਰਾ ਸਿੰਘ ਦੇ ਹਾਇਕੂ ਅਜਿਹੇ ਇਸ਼ਾਰੇ ਕਰਦੇ ਹਨ ਕਿ ਤਿੰਨ ਸਤਰੀ ਹਾਇਕੂ ਆਪਣੇ ਤੋਂ ਬਾਹਰ ਫੈਲ ਜਾਂਦਾ ਹੈ ।ਹਾਇਕੂ ਦਾ ਦ੍ਰਿਸ਼ ਤਾਂ ਸਾਧਾਰਨ ਹੀ ਹੁੰਦਾ ਹੈ ਪਰ ਉਸਦੇ ਵਿਚ ਅਰਥ ਵਿਸਤਾਰ ਦੀ ਸੰਭਾਵਨਾਵਾਂ ਬਹੁਤ ਹੁੰਦੀਆਂ ਹਨ ।

ਸਿਰ ਤੇ ਇੱਟਾਂ
ਮਾਲਕ ਨੂੰ ਪੁੱਛੇ ਮਜ਼ਦੂਰ:
'ਸਾਹਿਬ ਪਾਂਚ ਕਬ ਬਜੇਗਾ'

ਉਸ ਦੇ ਹਾਇਕੂਆਂ ਵਿਚ ਪਰਵਾਸੀ ਅਨੁਭਵ ਵੀ ਸ਼ਾਮਿਲ ਹੈ।

ਪਰਵਾਸੀ ਦਾ ਘਰ
ਨਾ ਦੀਵੇ ਨਾ ਆਤਸ਼ਬਾਜੀ
ਗਈ ਦਿਵਾਲੀ ਡਰ

ਵਿਅੰਗ ਖਾਸ ਕਰ ਵਿਰੋਧ ਜੁੱਟ ਨਾਲ ਵਿਅੰਗ ਸਿਰਜਣਾ ਉਸਦੀ ਇਕ ਹੋਰ ਖਾਸੀਅਤ ਹੈ । ਤਿੰਨ ਸਤਰੀ ਕਾਵਿ ਵਿਚ ਵਿਰੋਧ ਜੁੱਟ ਸਿਰਜਣ ਲਈ ਥਾਂ ਨਹੀਂ ਹੁੰਦੀ, ਵੈਸੇ ਵੀ ਤਿੰਨ ਸਤਰਾਂ ਵਿਚ ਸੰਤੁਲਨ ਬਣਾਉਣਾ ਔਖਾ ਹੁੰਦਾ ਹੈ, ਪਰ ਉਸਦੀ ਖਾਸੀਅਤ ਇਸੇ ਵਿਚ ਹੈ ਕਿ ਉਹ ਦ੍ਰਿਸ਼ ਦੀ ਚੋਣ ਹੀ ਇਸ ਢੰਗ ਨਾਲ ਕਰਦਾ ਹੈ ਕਿ ਵਿਰੋਧ ਜੁੱਟ ਵਿਅੰਗ ਦੀ ਸਿਰਜਣਾ ਹੋ ਜਾਂਦੀ ਹੈ ।

ਮੂੰਹੋਂ ਕਰਦੀ ਪਾਠ
ਚੱਪਲ ਦੇ ਨਾਲ ਮਾਰੇ
ਕਿਚਨ 'ਚੋਂ ਕਾਕਰੋਚ

ਲੰਮਾ ਲੰਝਾ ਬੰਦਾ ਖਰਵੀ/ਜਟਕੀ ਟੋਨ ਵਿਚ ਗੱਲ ਕਰਦਾ, ਦੇਸੀ ਜਿਹਾ ਜਾਪਦਾ ਜੱਟ ਬੂਟ ਐਨੀ ਸੂਖਮ ਵਿਧਾ ਵਿਚ ਗੱਲ ਕਹਿ ਲੈਂਦਾ ਹੋਵੇਗਾ, ਯਕੀਨ ਕਰਨਾ ਔਖਾ ਹੈ, ਜੇ ਉਸਨੂੰ ਵੈਸੇ ਜਾਣਦੇ ਹੋ ਤਾਂ ਹਾਇਕੂ ਪੜ੍ਹਕੇ ਦੇਖਿਓ ਪਤਾ ਲੱਗੂ, ਦ੍ਰਿਸ਼ ਦੀ ਚੋਣ ਵਾਲੀ ਨਜ਼ਰ, ਪੇਸ਼ ਕਰਨ ਵਾਲੀ ਭਾਸ਼ਾ ਦੀ ਸੂਖਮਤਾ ਅਤੇ ਸੁਹਿਰਦ ਵਿਚਾਰਧਾਰਾ ਕਿਵੇਂ ਇਕਮਿਕ ਹੋਈਆਂ ਹਨ । ਅਜਿਹੀ ਰਚਨਾ ਕਰਨ ਲਈ ਪ੍ਰੋ. ਦਰਬਾਰਾ ਸਿੰਘ ਨੂੰ ਮੁਬਾਰਕਬਾਦ।

ਰਾਜਿੰਦਰ ਪਾਲ ਸਿੰਘ (ਡਾ.)
ਪ੍ਰੋਫ਼ੈਸਰ ਤੇ ਮੁਖੀ
ਪੰਜਾਬੀ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਟੁੱਟਿਆ ਬੂਹਾ
ਤਿੜਕੀ ਥੰਮ੍ਹੀ ਵਾਲਾ ਛਤਨਾ
ਚਿੜੀ ਆਲ੍ਹਣਾ ਪਾਵੇ

ਘੜੀ ਪਲ ਲਈ
ਮੇਰੇ ਘਰ ਆ ਰੁਕੇ
ਉੜੇ ਜਾਂਦੇ ਪੱਤੇ

ਆਈ ਬਸੰਤ ਰੁੱਤ
ਟਹਿਣੀ ਟਹਿਣੀ ਪੱਤ ਸਜਾਕੇ
ਹਵਾ 'ਚ ਨੱਚਦੇ ਰੁੱਖ

ਕਤਾਰ ਵਿਚ ਬੈਠੀਆਂ
ਤਾਰ ਉੱਤੇ ਚਿੜੀਆਂ
ਗਾਉਣ ਸਮੂਹ-ਗੀਤ

ਨਵੀਆਂ ਕਰੂੰਬਲਾਂ
ਟਾਹਣੀਂ ਫਸਿਆ
ਇਕ ਪੁਰਾਣਾ ਪੱਤਾ

ਖੜ੍ਹੇ ਆਪਣੀ ਥਾਵੇਂ
ਪਿੰਡ ਅਜੇ ਤ੍ਰਵੈਣੀ ਦੇ
ਸੁੱਕੇ ਰੁੱਖ ਹਰੇ ਪ੍ਰਛਾਵੇਂ

ਧਰਤੀ ਤ੍ਰੇਲ ਧੋਤੀ
ਚੜ੍ਹਿਆ ਸੂਰਜ
ਪੱਤੇ ਪੱਤੇ ਮੋਤੀ

ਲਹੂ ਨਿਕਲ਼ਿਆ ਲਾਲ
ਕੰਡਾ ਲੱਗਿਆ ਗੁੱਡਦਿਆਂ
ਕਾਲਾ ਸ਼ਾਹ ਗੁਲਾਬ

ਕੰਧਾਂ ਦੇ ਪ੍ਰਛਾਵੇਂ
ਦਿਸ਼ਾ ਬਦਲਦੇ...
ਘਰ ਅਪਣੀ ਥਾਵੇਂ

ਅੰਬਰੋਂ ਟੁੱਟਿਆ ਤਾਰਾ
ਉਡਿਆ ਧਰਤੀ ਵੱਲ
ਰਾਹ 'ਚ ਖਿੰਡ ਗਿਆ ਸਾਰਾ

ਪਿੰਡੋਂ ਜਾਂਦੀ
ਪਿੰਡ ਨੂੰ ਆਉਂਦੀ
ਸੜਕ ਓਥੇ ਖੜੀ ਹੈ

ਬਰਫੰਬਿਆ ਦੀ ਨ੍ਹੇਰੀ...
ਲੈਟਰਬਾਕਸ ਵਿਚ ਠਰਦੇ
ਨਿੱਘੇ ਖ਼ਤ ਮਿੱਤਰਾਂ ਦੇ

ਸੁੱਕੇ ਪੱਤੇ
ਟਹਿਣੀ ਤੇ ਸੰਗੀਤ ਦਿੰਦੇ
ਰੁਮਕਦੀ 'ਵਾ ਨਾਲ

ਤਿੜਕੇ ਸ਼ੀਸ਼ੇ
ਅਕਸ ਉਲਝੇ
ਲੱਭਾਂ ਅਪਣਾ ਚੇਹਰਾ

ਵਿੰਗੀ ਟੇਡੀ ਡੰਡੀ
ਜੰਗਲ ਵਿਚ ਦੀ
ਸਿੱਧੀ ਘਰ ਨੂੰ ਜਾਵੇ

ਪੇਕੇ ਬਹਿਕੇ ਰੋਈਆਂ
ਮਾਂ ਤੁਰੀ ਤਾਂ ਧੀਆਂ
ਘਰੇ ਬਿਗਾਨੀਆਂ ਹੋਈਆਂ

ਡੋਲੀ ਤੁਰੀ ਸ਼ਿੰਗਾਰੀ
ਬਾਪੂ ਹੋਇਆ ਹਲਕਾ
ਸਾਫ਼ੇ ਦਾ ਲੜ ਭਾਰੀ

ਜੁਗਨੂੰ, ਚੰਨ, ਸਿਤਾਰੇ
ਧਰਤੀ ਦੇ 'ਨ੍ਹੇਰੇ ਵਿਹੜੇ
ਰਾਖੀ ਕਰਨ ਵਿਚਾਰੇ

ਬੱਦਲ ਗਰਜੇ
ਚੁੰਨੀ ਬਾਲ ਲਕੋਕੇ
ਚੱਕੀ ਝੋਵੇ ਮਾਂ

ਛਟੀਆਂ ਵਰਗੀਆਂ ਕੁੜੀਆਂ
ਰੁੱਤ ਮੁਕਲਾਵੇ ਦੀ
ਨਾਲ ਕਪਾਹ ਦੇ ਖਿੜੀਆਂ

ਤੋਤਾ ਟੁੱਕੇ ਅੰਬੀਆਂ
ਮਾਲੀ ਦੀ ਅੱਖ ਬਚਾਕੇ
ਕੋਇਲ ਗਾਵੇ ਗੀਤ

ਲੋਰੀ ਚੰਭਲਾਵੇ
ਝੋਲ਼ੀ ਦੇ ਵਿਚ ਬੱਚਾ
ਨੀਂਦ ਨਾ ਆਵੇ

ਉੂਠਾਂ ਗਲ਼ ਟੱਲੀਆਂ
ਹਿੱਲਣ ਹਵਾ ਦੇ ਨਾਲ
ਕਣਕ ਦੀਆਂ ਬੱਲੀਆਂ

ਦੁੱਧ ਦੀ ਰਾਖੀ
ਓੜ ਦੁਪੱਟਾ ਲੁਕਿਆ
ਮਾਂ ਦਾ ਮੱਖਣ ਚੋਰ

ਜੇਠ ਹਾੜ ਦੀ ਧੁੱਪ
ਬੰਬੀ ਦਾ ਪਾਣੀ
ਗੰਗਾ ਦਾ ਇਸ਼ਨਾਨ

ਮੋਢੇ ਪੋਤਾ ਚੁੱਕਿਆ
ਬਾਬਾ ਲੈਕੇ ਭਾਰ ਉਮਰ ਦਾ
ਖੂੰਡੀ ਉਤੇ ਝੁਕਿਆ

ਬੱਚਾ ਤੇ ਚੰਨ ਸੁੱਤੇ
ਧਰਤੀ ਹੇਠਾਂ ਡਾਹਕੇ
ਅੰਬਰ ਓੜ ਕੇ ਉਤੇ

ਸਰਘੀ ਰੰਗਲਾ ਸੂਟ
ਬੈਠ ਖਾਲ਼ ਤੇ ਪੈਰ ਕੂਚਦੀ
ਪਾਣੀ ਘੁਲਦਾ ਰੂਪ

ਭੀੜੀਆਂ ਭੀੜੀਆਂ ਸੜਕਾਂ
ਕਾਹਲੀ ਕਾਹਲੀ ਬੰਦੇ ਤੁਰਦੇ
ਕਾਰਾਂ ਕੱਢਣ ਰੜਕਾਂ

ਬੰਦ ਬੂਹਾ ਤੇ ਤਾਕੀ
ਸ਼ੀਸ਼ਿਆਂ ਉਤੇ ਪਰਦੇ ਲੱਗੇ
ਕਿਰਨ ਝੀਥ 'ਚੋਂ ਝਾਕੀ

ਮਗਨ ਖੇਡ ਵਿਚ ਹੋਈ
ਲਾਡ ਲਡਾਓਂਦੀ ਅੰਮੀ
ਖਾਬਾਂ ਦੇ ਵਿਚ ਖੋਈ

ਰਹਿਗੀ ਓਹਲੇ ਚਰਦੀ
ਇੱਜੜ ਨਾਲੋਂ ਵਿੱਛੜੀ ਬੱਕਰੀ
ਫਿਰਦੀ ਮਿਆਂ ਮਿਆਂ ਕਰਦੀ

ਪਰਵਾਸੀ ਦਾ ਘਰ
ਨਾ ਦੀਵੇ ਨਾ ਆਤਸ਼ਬਾਜ਼ੀ
ਗਈ ਦਿਵਾਲੀ ਡਰ

ਧੀਆਂ ਗਈਆਂ ਸਹੁਰੇ
ਵਿਹੜੇ ਵਾਲੇ ਰੁੱਖ ਤੇ
ਘੁੱਗੀਆਂ ਆਲ੍ਹਣਾ ਪਾਇਆ

ਪਰਵਾਸੀ ਪਰਿਵਾਰ
ਫਾਇਰ ਪਲੇਸ ਦੇ ਮੂਹਰੇ ਬੈਹਕੇ
ਲੋਹੜੀ ਰਿਹਾ ਮਨਾ

ਆਉਂਦੀ ਦੋਵੇਂ ਚੁੱਕੀਂ
ਸਿਰ 'ਤੇ ਬਾਲਣ
ਕੁੱਛੜ ਬੱਚੀ ਭੁੱਖੀ

ਮਾਂ ਬਾਪ ਦੀ ਮੰਜੀ
ਕੋਠੀ ਮਹਿਲਾਂ ਜਿੱਡੀ
ਥਾਂ ਦੀ ਕਿੰਨੀ ਤੰਗੀ

ਭੀੜ-ਭੜੱਕੀ ਬੀਚ
ਦੇਸੀ ਬੰਦਾ ਫਿਰਦਾ
ਰੁਲ਼ਿਆ ਰੇਤੇ ਵਿਚ

ਵਿਦੇਸ਼ੀ ਪੋਤਾ ਪੋਤੀ
ਖਿਡਾਓਂਦੇ ਦਾਦਾ ਦਾਦੀ
ਦੇ ਦੇ ਲੋਰੀਆਂ ਦੇਸੀ

ਦੂਰ ਦੂਰ ਤਕ ਪਾਣੀ
ਕਿਸ਼ਤੀ ਵਿਚ ਮਛੇਰੇ
ਜਲ ਵਿਚ ਮਛਲੀ ਰਾਣੀ

ਉੱਚ ਲਹਿਰਾਂ ਦਾ ਸ਼ੋਰ
ਕਿਸ਼ਤੀ ਲੈਕੇ ਜਾ ਰਿਹਾ
ਮਾਰ ਮਛੇਰਾ ਜ਼ੋਰ

ਪੈਰ 'ਤੇ ਰੇਤਾ ਪਾਕੇ
ਬੀਚ 'ਤੇ ਖੇਲਣ ਸਾਰੇ
ਘਰ ਬਣਾਕੇ ਢਾਹਕੇ

ਬੱਚੇ ਦੀ ਕਿਲਕਾਰੀ
ਕੰਮ ਤੋਂ ਆਏ ਮਾਪੇ
ਲਹੀ ਥਕਾਵਟ ਸਾਰੀ

ਬੱਚੇ ਹੋਏ ਵੱਡੇ
ਨੂੰਹ ਪੁੱਤਾਂ ਦੀ ਰੌਣਕ ਵਿਚ
ਬਾਪ ਓਪਰਾ ਲੱਗੇ

ਮੂੰਹੋਂ ਕਰਦੀ ਪਾਠ
ਚੱਪਲ ਦੇ ਨਾਲ ਮਾਰੇ
ਕਿਚਨ 'ਚ ਕਾਕਰੋਚ

ਛਹਿਬਰ ਲਾਈ ਮੀਹਾਂ
ਰੁੱਤ ਪ੍ਰਦੇਸੀਂ ਸਾਵਣ ਵਰਗੀ
ਨਾ ਪੀਂਘਾਂ ਨਾ ਤੀਆਂ

ਜਿੰਨੀਆਂ ਹੱਥ 'ਤੇ ਲੀਕਾਂ
ਸਭ ਦਾ ਸਿਰ ਪਲੋਸਕੇ ਦੇਂਦੀ
ਓਨੀਆਂ ਮਾਂ ਅਸੀਸਾਂ

ਬੱਚੇ ਸੁਣਨ ਕਹਾਣੀਆਂ
ਦਾਦੀ ਦੀਆਂ ਝੁਰੜੀਆਂ 'ਚੋਂ
ਲੱਭਦੇ ਉੱਡਣ ਪਰੀਆਂ

ਬੱਚੇ ਦਾ ਪਹਿਲਾ ਬੋਲ
ਮਾਂ ਸੁਣਿਆ 'ਮਾਂ'
ਪਾਪਾ ਸੁਣਿਆ 'ਪਾ'

ਦਿਨੇ ਲੜੇ ਸੀ ਜੇਹੜੇ
ਰਾਤੀਂ ਇਕ ਦੂਜੇ ਦੇ
ਸੁੱਤੇ ਹੋ ਹੋ ਨੇੜੇ

ਮੁੜ ਮੁੜ ਨਿਪਲ ਚੱਬੇ
ਰੀਂ ਰੀਂ ਕਰਦਾ ਬੱਚਾ
ਫੀਡਰ 'ਚੋਂ ਮਾਂ ਲੱਭੇ

ਸੇਵਾ ਕਰੇ ਨੂੰਹ ਭੋਲੀ
ਸੁੱਤੀ ਸੱਸ ਜਗਾਕੇ
ਦਏ ਨੀਂਦ ਦੀ ਗੋਲੀ

ਪੜ ਰਿਹਾ ਅਖ਼ਬਾਰ
ਨੀਝ ਲਾਕੇ ਵੇਖਦਾ
ਇਕ ਇਕ ਇਸ਼ਤਿਹਾਰ

ਲੰਘਿਆ ਦਿਵਸ ਵਸਾਖੀ
ਕਣਕ ਵੇਚਣ ਆਇਆ
ਜੱਟ ਵੇਚ ਗਿਆ ਦਾਤੀ

ਬੂਹਾ ਖੜਕਾਇਆ
ਪਰਵਾਸੀ ਦੇ ਘਰ ਦਾ
ਪਰਵਾਸੀ ਕਾਮਾ ਬਾਹਰ ਆਇਆ

ਯਾਦੀਂ ਡੁੱਬੀ
ਚਾਦਰ ਕੱਢਦੀ
ਸੂਈ ਪੋਟੇ ਖੁੱਭੀ

ਕਿਰਾਏ ਦਾ ਕਮਰਾ
ਕੰਧ 'ਤੇ ਲਟਕੇ
ਤਸਵੀਰ ਵੱਡੇ ਘਰ ਦੀ

ਢਹਿੰਦੇ ਘਰ ਦੇ
ਬਨੇਰੇ ਬੋਲੇ ਕਾਂ
ਫ਼ਿਕਰੀਂ ਪਈ ਮਾਂ

ਪਰਦੇਸੀਂ ਕਾਂ
ਬਨੇਰਿਆਂ 'ਤੇ ਨਹੀਂ
ਰੁੱਖਾਂ 'ਤੇ ਬੋਲਦੇ

ਜੁਤੀ ਚੀਕੂੰ ਚੀਕੂੰ...
ਪਤਝੜ ਸੁੱਕੇ ਪੱਤੇ
ਭੁਰਦੇ ਚਰੜ ਚਰੜ

ਸਾਂਝੀ ਸੋਟੀ (ਹਾਇਗਾ)
ਸੈਰ ਕਰੇਂਦੀਆਂ
ਦਾਦੀ ਪੋਤੀ

ਪਰਦੇਸੀਂ ਵਸਦੇ ਨੂੰ
ਪਿੰਡੋਂ ਖ਼ਬਰ ਗਵਾਂਢੀ ਦਿੱਤੀ
ਬਾਪੂ ਹੋ ਗਿਆ ਪੂਰਾ

ਬਚਪਨ ਟੋਲ੍ਹੇ
ਮਾਂ ਫਰੋਲੇ ਧੀ ਦੇ
ਗੁੱਡੀਆਂ ਪਟੋਲੇ

ਸ਼ਾਤੀ–ਪਾਠ ਸ਼ੋਰ
ਉੱਡੇ ਰੁੱਖਾਂ ਤੋਂ ਪੰਛੀ
ਬਾਗਾਂ ਵਿਚੋਂ ਮੋਰ

ਝੁੰਡ ਦੀਆਂ ਚਿੜੀਆਂ
ਉੜ ਬੈਠੀਆਂ ਨਿੰਮ ਬਰੋਟੇ
ਤੇ ਕੁਝ ਬੇਰੀਂ ਕਿੱਕਰੀਂ

ਬੋੜੇ ਖੂਹ
ਬੰਜਰ ਧਰਤੀ
ਉੱਤਰੇ ਮੂੰਹ

ਨਿੱਸਰੀ ਕਣਕ
ਫੁੱਲੀ ਸਰ੍ਹੋਂ
ਸੁਪਨੇ ਖਿੜੇ

ਪੰਛੀਆਂ ਦਾ ਅਲਾਪ
ਰਾਹੀਆਂ ਦੀ ਪੈਰ-ਥਾਪ
ਆ ਰਹੀ ਪਰਭਾਤ

ਵੇਹੜੇ ਵਿਚ ਧਰੇਕ
ਉਪਰ ਚਿੜੀਆਂ ਚਹਿਕਣ
ਕੁੜੀਆਂ ਖੇਲਣ ਹੇਠ

ਸਿਰ 'ਤੇ ਬੰਨ੍ਹਿਆ ਪਰਨਾ
ਪਾਟੇ ਝੱਗੇ ਮਾਲਕ–
ਖੜਾ ਖੇਤ ਵਿਚ ਡਰਨਾ

ਧੁੱਪੇ ਲਿਸ਼ਕੇ
ਤੁਪਕਾ ਤ੍ਰੇਲ
ਛਿਣ ਦਾ ਖੇਲ੍ਹ

ਪਾਣੀ ਅੰਦਰ ਅਕਸ
ਆਪੇ ਬਣਦੇ ਮਿਟਦੇ
ਨਾ ਜੰਮਦੇ ਨਾ ਮਰਦੇ

ਸਾਗਰ ਕੰਢੇ ਬੰਦਾ
ਸਿੱਪੀਆਂ ਚੁੱਗਦਾ ਗਾਵੇ
'ਮੋਤੀ ਤੇ ਮੰਦਰ ਉਸਰੈ'

ਲੱਗਾ ਬਿਜਲੀ ਕੱਟ
ਖੇਤ ਭਰਨ ਨੂੰ ਬੈਠਾ
ਬੱਦਲ਼ ਕੋਸੇ ਜੱਟ

ਕੰਨਾਂ ਵਿਚ ਕੁਝ ਕਹਿੰਦੀਆਂ
ਆਉਂਦੀਆਂ ਜਾਂਦੀਆਂ ਕੀੜੀਆਂ
ਕੰਮੀਂ ਰੁੱਝੀਆਂ ਰਹਿੰਦੀਆਂ

ਨ੍ਹੇਰੀ ਝੱਖੜ ਝੰਬੇ
ਮੱਕੀ ਵਾਲੇ ਖੇਤ ਖੜਾ
'ਕੱਲਾ ਡਰਨਾ ਕੰਬੇ

ਸ਼ਾਂਤ ਸਮੁੰਦਰ
ਤਰਨ ਕਿਸ਼ਤੀਆਂ
ਧਰਤ ਉਤਰਿਆ ਅੰਬਰ

ਸਰਹੱਦ ਉੜਦੇ ਪੰਛੀ
ਲੀਕਾਂ ਮਿਟਾਓਂਦੇ
ਇਕੱਠੇ ਬਹਿ ਗਾਓਂਦੇ

ਲੱਗੀ ਔੜ
ਸੁੱਕੇ ਰੇਤ
ਪੰਛੀ ਨ੍ਹਾਓਂਦੇ

ਪੱਤੇ ਪੱਤੇ ਤ੍ਰੇਲ ਤੁਪਕੇ
ਚੜ੍ਹਦੇ ਸੂਰਜ ਲਿਸ਼ਕਣ
ਸਬਜ਼-ਪਰੀ ਗਲ਼ ਹੀਰੇ

ਭਰ ਗਏ ਸੱਥ ਪਰ੍ਹੇ
ਫਿਰਨੀ ਬਣੀ ਬਾਜ਼ਾਰ
ਚੁਫੇਰੇ ਘਰ ਉਸਰੇ

ਪੂਰਬ ਦੇ ਦਰਵਾਜ਼ੇ
ਬੱਦਲਾਂ ਦੇ ਝੁੰਮਣ 'ਚੋਂ
ਚੰਨ ਪੁੰਨਿਆਂ ਦਾ ਝਾਕੇ

ਸਾਓਣ ਮਹੀਨੇ ਭੂਰ
ਬੂਹੇ ਬੈਠ ਉਡੀਕੇ
ਚੰਨ ਪਰਦੇਸੀਂ ਦੂਰ

ਵਿਦਾ-ਗਲਵਕੜੀ
ਨਾਲ਼ ਤੁਰ ਆਈ ਨਿੱਘ
ਠੰਡੀ ਸੁੰਨੀ ਸੜਕ 'ਤੇ

ਘੜਾ ਢਾਕ 'ਤੇ ਧਰਕੇ
ਲਾਲ ਚੂੜਾ ਛਣਕਾਉਂਦੀ
ਤੁਰਗੀ ਪਾਣੀ ਭਰਕੇ

ਸਕੂਲ ਜਾ ਰਿਹਾ ਬੱਚਾ
ਝੋਲ਼ੇ ਦੇ ਵਿਚ ਲੈਕੇ
ਕਰਜ਼ਾ ਪਿਤਰਾਂ ਦਾ

ਪਾਈ ਸੱਜਣ ਨੂੰ ਚਿੱਠੀ
ਵਿਚ ਬਣਾਕੇ ਅੱਖ
ਕੋਏ ਵਿਚੋਂ ਭਿੱਜੀ

ਕੈਂਡੀਆਂ ਦੇ ਡੱਬੇ
ਪੈਕ ਕਰਦੇ ਯਾਦ ਆਏ
ਲੋਹੜੀ ਮੰਗਦੇ ਬੱਚੇ

ਚੀਨਾ ਕਬੂਤਰ
ਛੱਤਰੀ ਦੀ ਥਾਂ
ਐਨਟੀਨੇ 'ਤੇ ਉਤਰਿਆ

ਗੁੰਮਿਆ ਸਿਰਨਾਵਾਂ
ਪਰਛਾਵੇਂ ਨੂੰ
ਲੱਭਦਾ ਪਰਛਾਵਾਂ

ਬੀਬੀ ਗੋਦ–ਭਰੀ
ਸਕੈਨਿੰਗ ਜੰਤਰ ਸਾਂਹਵੇਂ
ਬੈਠੀ ਡਰੀ ਡਰੀ

ਖਿੜ ਗਿਆ ਵੇਖਕੇ
ਕੰਧ ਉਤੇ ਲਟਕਦੀ
ਫੋਟੋ ਪੂਰੇ ਪਰਿਵਾਰ ਦੀ

ਹੱਥ ਮਿਲਾਓਂਦੇ ਯਾਰ
ਨੋਮੈਨ'ਜ਼ ਲੈਂਡ ਭਾਵੇਂ
ਦਿਲਾਂ ਦੇ ਵਿਚਕਾਰ

ਹੱਥ ਲਿਫ਼ਾਫ਼ਾ ਬੰਦ
ਕਦਮਾਂ ਵਿਚ ਕਾਹਲੀ
ਦਿਲ ਦੀ ਧੜਕਣ ਤੇਜ਼

ਅੱਖ ਕਾਸ਼ਨੀ
ਕੱਢੇ ਫੁੱਲਕਾਰੀ
ਧਾਗਾ ਰੇਸ਼ਮ ਦਾ

ਪਿੰਡ 'ਚ ਰੌਲ਼ਾ ਸਾਰੇ
ਮਨ ਨੂੰ ਹੌਲ਼ਾ ਕਰਦਾ
ਮਾਰ ਮਾਰ ਲਲਕਾਰੇ

ਛੱਤਨੇ ਵਿਚ ਪਰਿਵਾਰ
ਮੌਲੀ ਮੈਂਹ ਤੇ ਲੰਗੜਾ ਕੁੱਤਾ
ਬਾਬਾ ਲਾਣੇਦਾਰ

ਬੇਬੇ ਦਾ ਹੱਥ ਫੜਕੇ
'ਚਿੱਤ ਹੁਣ ਸਾਥ ਨੀ ਦਿੰਦਾ'
ਕਹਿੰਦਾ ਚੁੱਪ ਹੋ ਗਿਆ ਬਾਪੂ

ਪਾ ਕਿਰਨਾਂ ਦੀ ਛੋਹ
ਬਰਫ਼ ਰਾਤ ਦੀ ਪਿਘਲ਼ੀ
ਤੁਪਕਾ ਤੁਪਕਾ ਤ੍ਰੇਲ

ਬੁੱਕਲ਼ ਵਿਚ ਲਕੋਈ
ਰੂੰ-ਰੰਗੀ ਬਰਫ਼ ਨੇ
ਧਰਤੀ ਸੁੱਤੀ ਹੋਈ

ਨੋ ਮੈਨ'ਜ਼-ਲੈਂਡ ਵਿਚਕਾਰ
ਫੌਜੀਆਂ ਦੀ ਸਦਭਾਵਨਾ
ਟੱਪੇ ਕੰਡਿਆਲੀ ਤਾਰ

ਵਿਦਾ ਵੇਲੇ ਹਿੱਲਦਾ ਹੱਥ
ਦੇ ਰਿਹਾ ਨਿੱਘਾ ਸਾਥ
ਬਰਫ਼ੀਲੀਆਂ ਸੜਕਾਂ 'ਤੇ

ਬੇਬੇ ਧਰਦੀ ਦਾਲ਼
ਹਾਰੇ ਗਿੱਲੀਆਂ ਪਾਥੀਆਂ
ਧੂੰਏਂ ਨਾਲ ਬੇਹਾਲ

ਕਰਜ਼ੇ ਵਾਲੇ ਘਰ ਦੀ
ਨਿੱਘ ਚਾੜ੍ਹਦੀ ਠਾਰਾ
ਕੰਮ ਤੋਂ ਥੱਕੇ ਬੰਦੇ ਨੂੰ

ਸਿਰ 'ਤੇ ਇੱਟਾਂ
ਮਾਲਕ ਨੂੰ ਪੁੱਛੇ ਮਜ਼ਦੂਰ
'ਸਾਹਿਬ ਪਾਂਚ ਕਬ ਬਜੇਗਾ'

ਉਂਗਲ਼ ਲਟਕੀ ਪੋਤੀ
ਦਾਦੇ ਨੂੰ ਸਮਝਾਵੇ
'ਡਰਿਓ ਨਾ ਮੈਂ ਹੈਗੀ'

'ਮੈਂ ਚੱਲੀ ਆਂ ਪੇਕੇ'
ਏਨਾ ਕਹਿਕੇ ਤੋੜੀ
ਸਾਰੇ ਦਿਨ ਦੀ ਚੁੱਪ

ਬਾਰਸ਼ ਪਿਛੋਂ
'ਵਾ ਨਾਲ ਹਿਲਦੇ ਬੂਟੇ
ਮੀਂਹ ਵਰਸਾਓਂਦੇ

'ਖੁੱਲੇ ਦਰਸ ਦਿਦਾਰ'
ਮੋਟੇ ਅੱਖਰੀਂ ਲਿਖਿਆ
ਕੀਤੇ ਬੰਦ ਦੁਆਰ

ਬੇਬੇ ਰੋਟੀ ਵਰਤਾਈ
ਬਾਪੂ ਨੂੰ ਬੱਚਿਆਂ ਨੂੰ
ਖ਼ੁਦ ਨੂੰ ਬਚੀ ਗਰਾਹੀ

ਇਸ਼ਾਰੇ ਉਂਗਲਾਂ ਦੇ
ਗੱਲਾਂ ਕਰਕੇ ਬੇਬੇ
ਖ਼ੁਦ ਨੂੰ ਸਮਝਾਵੇ

ਸੁੰਨੀ ਸੜਕ
ਫਿਰੇ ਇਕੱਲਾ
ਫੜ ਫਿਕਰਾਂ ਦਾ ਪੱਲਾ

ਬੇਬੇ ਨੇ ਫੋਟੋ ਬਣਵਾਈ (ਹਾਇਗਾ)
ਸੌ ਵਰ੍ਹਿਆਂ ਦੀ ਯਾਤਰਾ
ਚੇਹਰੇ 'ਤੇ ਖੁਦਵਾਈ

ਆਪੇ ਗੱਲਾਂ ਕਰਦੀ
ਲੱਭਦੀ ਕੱਕੇ ਰੇਤੇ 'ਤੇ
ਤੁਰਗੇ ਪੁੱਤ ਦੀ ਪੈੜ

ਬੂਹੇ ਮੂਹਰੇ ਚਰਖਾ
ਬੋਹੀਏ ਵਿੱਚੋਂ ਗਿਣੇ ਗਲੋਟੇ
ਨਾਲੇ ਗਿਣਦੀ ਗੇੜੇ

ਪੜ੍ਹ ਪੜ੍ਹ ਖ਼ਤ ਸਾੜੇ
ਸੱਜਣਾਂ ਦੇ ਲੱਲੇ ਭੱਭੇ
ਵਿਚੇ ਊੜੇ ਆੜੇ

ਲੈਟਰਬਾਕਸ ਖਾਲੀ
ਅੱਜ ਵੀ ਅੱਗਿਓਂ ਲੰਘਿਆ
ਡਾਕੀਆ ਅਗਲੇ ਘਰ

ਅੰਬਰ ਉੜੇ ਜਹਾਜ਼
ਟਿੱਬੇ ਉੱਤੇ ਉੱਡ ਰਿਹਾ
ਅੱਕ ਕੁਕੜੀ ਦਾ ਫੰਬਾ

ਲੁਕ-ਛਿਪ ਲੱਭਣਾ
ਸਰੋਂ ਦੇ ਖੇਤਾਂ ਵਿਚ
ਮਿਲੀ ਪਹਿਲੀ ਛੋਹ

ਇਕੋ ਗਮਲੇ ਉੱਗੇ
ਫੁੱਲ ਸੁਗੰਧਿਤ
ਮਿਰਚਾਂ ਕੌੜੀਆਂ

ਘਰ ਦੇ ਦਰਵਾਜ਼ੇ
ਭੇੜੇ ਹੋਏ ਇੱਕ
ਖੋਲੇ 'ਕੱਲੇ 'ਕੱਲੇ

ਸਾਂਭਦੇ ਨਿੱਕ ਸੁੱਕ
ਰੇਡੀਓ 'ਤੇ ਖ਼ਬਰਾਂ
ਬਾਰਸ਼ ਦੀ ਸੰਭਾਵਨਾ

ਡੰਡੀ ਸਿੱਧੀ
ਜਾਂਦੀ ਘਰ ਨੂੰ
ਪਰ ਵਿੰਗ ਪਾਕੇ

ਮੰਗ ਮੰਗ ਮੀਂਹ ਲਿਆ
ਕੋਠਾ ਚੋਵੇ, ਹੱਥ ਬੰਨ੍ਹ ਕੇ
ਥੰਮਣ ਲਈ ਕਰੇ ਦੁਆ

ਖਿੰਡਾਹਰ ਭਰਿਆ ਵੇਹੜਾ
ਸੋਚੀਂ ਪਈ ਸੁਆਣੀ
ਪਹਿਲਾਂ ਸਾਂਭਾਂ ਕਿਹੜਾ

ਉੱਡਦਾ ਫੰਬਾ ਲੰਘਿਆ
ਧੁੱਪੇ ਖੜੇ ਫੁੱਲ 'ਤੇ
ਖੰਭ ਖਿਲਾਰੇ ਤਿਤਲੀ

ਚਾਨਣ ਕਣੀ (ਹਾਇਗਾ)
ਪ੍ਰਿਜ਼ਮੋਂ ਨਿਕਲੀ
ਸੱਤਰੰਗੀ ਬਣੀ

ਮਿੱਨੀ ਵਾਲੀ ਮੇਮ
ਕੁੱਤੇ ਨੂੰ ਖੁੱਲਾ ਭਜਾਓਂਦੀ
ਬੱਚੇ ਨੂੰ ਲੀਸ਼ ਪਾਕੇ

ਅੰਬਰ ਤਾਰਾ ਟੁੱਟਿਆ
ਪੋਤੀ ਮੰਗੀ ਮੁਰਾਦ
ਦਾਦੀ ਨੇ ਥੁੱਕਿਆ

ਫੁੱਲਾਂ ਵਾਲੀ ਬਾਲਕੋਨੀ
ਭਰ ਜਾਂਦੀ ਗਵਾਂਢਣ ਦੇ
ਸਿਗਰਟੀ ਧੂੰਏਂ ਨਾਲ

ਅੰਬਰੋਂ ਬੂੰਦਾਂ ਵਰ੍ਹੀਆਂ
ਇਕ ਦੂਜੀ ਨੂੰ ਲੈਣ ਕਲ਼ਾਵੇ
ਤਿਣਾਂ ਘਾਹ ਦੀਆਂ ਹਰੀਆਂ

ਮੁਸਕ੍ਰਾਏ ਫੁੱਲ
ਬਗ਼ੀਚੀ ਦੇ
ਮੇਰੇ ਘਰ ਪਰਤਣ ’ਤੇ

ਚਿਰਾਂ ਬਾਅਦ
ਖੋਲ੍ਹਿਆ ਦਰਵਾਜ਼ਾ
ਚੀਂ ਚੀਂ ਕਰਦਾ

ਗਲ਼ ਗਿਟਾਰ (ਹਾਇਗਾ)
ਸੁੱਪਨੇ ਵੱਡੇ
ਬਾਲ ਕਲਾਕਾਰ

ਖੇਡ ਖੇਡ ਕੇ ਥੱਕੀ
ਬੈਠੀ ਪੈਰਾਂ ਉੱਤੇ
ਰੇਤੇ ਦਾ ਘਰ ਪਾਕੇ

ਵੱਟ ਨਾ ਕਿਆਰੇ
ਜੰਗਲ਼ ਉੱਗੇ ਰੁੱਖ
ਅੰਬਰ ਦੇ ਵਿਚ ਤਾਰੇ

ਘਰ ਰੋਟੀਆਂ ਥੱਬਾ
ਪੁੱਤਰ ਮੁੜਿਆ ਘਰ
ਹੱਥ ਪੀਜ਼ੇ ਦਾ ਡੱਬਾ

ਨਿੱਕੀ ਭਰਿਆ ਘਰ
ਮਾਰ ਮਾਰ ਕੇ ਲੀਕਾਂ
ਸੱਜਰੇ ਫੁੱਲਾਂ ਨਾਲ

ਬੱਚੇ ਖੇਲਣ ਖੇਡ
ਚੂਲ਼ੀਆਂ ਭਰ ਭਰ ਗੇਰਦੇ
ਸਾਗਰ ਕਰਨਾ ਖਾਲੀ

ਮਸ਼ੀਨ ਨਾਲ ਮਾਲੀ
ਘਾਹ ਨੂੰ ਛੋਟਾ ਕਰਦਾ
ਵੱਡਾ ਹੋਣ ਲਈ

ਗ਼ਮਲੇ ਲੱਗੀਆਂ ਮਿਰਚਾਂ
ਨਿੱਕੀ ਛਿੜਕੇ ਪਾਣੀ
ਕਹੇ 'ਕੁੜੱਤਣ' ਧੋਂਦੀ

ਬੱਚੇ ਵੰਡਣ ਰਾਤੀਂ
ਅੰਬਰ ਲੀਕਾਂ ਮਾਰ ਕੇ
ਅਪਣੇ ਅਪਣੇ ਤਾਰੇ

ਦਾਦੀ ਲਾਹ ਕੇ ਸੁੱਟੇ
ਬੂਟੇ ਤੋਂ ਜੋ ਸੁੰਡੀ
ਨਿੱਕੀ ਚੁੱਕ ਪਿਆਵੇ ਪਾਣੀ

’ਵਾ ਤੇ ਉੱਡਦਾ ਪੱਤਾ
ਕਾਹਲੀ ਦੇ ਵਿਚ ਦੋਵੇਂ
ਇਕ ਦੂਜੇ ਤੋਂ ਅੱਗੇ

ਖੜ੍ਹੀ ਖੇਤ ਵਿਚ
ਖਿੜੀ ਕਪਾਹ ਜਿਉਂ
ਖਿੜ ਖਿੜ ਹੱਸੇ

ਬਦਲ ਗਏ ਰੰਗ
ਕੋਇਲ-ਗੀਤ ਨਾਲ਼
ਹਰੇ ਹਰੇ ਅੰਬ

ਉੱਗੇ ਸੂਹੇ ਫੁੱਲ...
ਪਹਿਲੇ ਮੀਂਹ ਨਾਲ ਨਿਕਲੀਆਂ
ਟਿੱਬੀਂ ਬੀਰਬਹੁਟੀਆਂ

ਆਟੇ ਦੀਆਂ ਚਿੜੀਆਂ
ਨਿੱਕੀ ਪਾਵੇ
ਭੋਰ ਭੋਰ ਕੇ ਰੋਟੀ

ਵੇਖ ਝੀਲ ਦਾ ਪਾਣੀ
ਚੇਤੇ ਆਈ ਦਾਦੀ
ਬਲੌਰੀ ਅੱਖਾਂ ਵਾਲੀ

ਕਿੱਕਰਾਂ 'ਚੋਂ ਝਰ ਰਿਹਾ
ਮੀਂਹ ਦਾ ਪਾਣੀ
ਬਿਨਾ ਜ਼ਖ਼ਮੀਂ ਹੋਇਆ

ਹਰ ਕਾਰਜ ਤੋਂ ਪਹਿਲਾਂ
ਬਾਪੂ ਮੰਦਿਰ ਦੀ ਥਾਂ
ਆੜ੍ਹਤੀਏ ਦੇ ਜਾਂਦਾ

ਬੁੱਕਲ਼ ਦੀ ਨਿੱਘ ਆਈ
ਕੱਢੀ ਚਾਦਰ ਮਾਂ ਦੀ
ਪਲੰਘ ਵਿਛਾਈ

'ਕੀਟ ਬਚਾਓਣ ਦੀ ਲੋੜ'
ਲੇਖ ਵਾਲੀ ਕਾਪੀ ਨਾਲ ਮਾਰਿਆ
ਪੈਰ 'ਤੇ ਚੜ੍ਹਿਆ ਕੀੜਾ

ਦੇਸੀਆਂ ਵਾਂਗ ਭੌਂਕਦੇ
ਰਾਖੀ ਕਰਦੇ
ਵਿਦੇਸ਼ੀ ਕੁੱਤੇ

ਘਰ ਦਾ ਤੋਤਾ
ਮਾਲਕ ਨੂੰ ਬੁਲਾਓਂਦਾ
ਮਾਲਕਣ ਵਾਂਗ

ਨਾਲ ਦੇ ਘਰ 'ਚੋਂ
ਰੋਜ਼ ਸਵੇਰੇ ਚੜ੍ਹਦੀ
ਇਤਰ ਫੁਲੇਲ ਦੀ ਨ੍ਹੇਰੀ

ਚਾਂਦੀ ਦਾ ਰੁਪੱਈਆ
ਅੰਗੂਠੇ 'ਤੇ ਠਣਕੇ
ਪੈਰਾਂ 'ਚ ਛਣਕੇ

ਉੱਡ ਟੈਹਿਣੀਆਂ ਬਦਲਦੇ
ਪੰਛੀ ਲੈਣ ਸੁਆਦ
ਲੋਕਾਠ, ਅਲੂਚੇ, ਅੰਬਾਂ ਦਾ

ਪਾਣੀ ਵਿਚ ਚੰਨ ਤਰਿਆ
ਭੱਜ ਭੱਜ ਫੜ੍ਹਿਆ
ਹੱਥ ਨਾ ਚੜ੍ਹਿਆ

ਸੁਭਾ, ਦੁਪਿਹਰੇ, ਸ਼ਾਮ
ਲੁਕਣ ਮੀਚੀ ਖੇਲੇ
ਮੇਰਾ ਪ੍ਰਛਾਵਾਂ ਮੇਰੇ ਨਾਲ

ਦਿਨ ਭਰ ਭੁੱਖੇ ਬੋਟ
ਪੈਂਦੇ ਮੀਂਹ ਵਿਚ ਪੰਛੀ
ਗਏ ਨਾ ਚੁਗਣ ਚੋਗ

ਪੜ੍ਹੇ ਕਿਤਾਬ
ਨੇੜੇ ਦੀ ਐਨਕ ਲਾਕੇ
ਸੋਚੇ ਦੂਰ ਦੀ

ਧੁੰਦਲੇ ਸ਼ੀਸ਼ੇ 'ਚੋਂ
ਲੰਘਦੀ ਕਿਰਣ
ਕਰੇ ਚਾਨਣ

ਸਰਦਲ ਤੇਲ ਚੋਇਆ...
ਵਰ੍ਹਿਆਂ ਪਿਛੋਂ ਪੁੱਤ ਪ੍ਰਦੇਸੀ
ਮਾਂ ਗਲ਼ ਲੱਗਕੇ ਰੋਇਆ

ਕਮਰਾ ਬੰਦ
ਨ੍ਹੇਰੇ ਦੇ ਵਿਚ ਝੀਥੋਂ
ਚਾਨਣ ਆ ਕੇ ਵੜਿਆ

ਨਵਾਂ ਪੱਤਾ ਆਇਆ
'ਕੱਲਾ 'ਕੱਲਾ ਜੀਅ ਘਰ ਦਾ
ਬੂਟਾ ਵੇਖਣ ਆਇਆ

ਟਵਿੰਕਲ ਟਵਿੰਕਲ ਕਰਦਾ ਬੱਚਾ
ਇਕਦਮ ਗਾਓਣ ਲੱਗਾ
'ਚੰਦਾ ਮਾਮਾ ਦੂਰ ਕੇ'

ਅੱਭੜਵਾਹੇ ਉੱਠੀ ਮਾਂ
ਤੇ ਘਬਰਾਅ ਕੇ ਬਾਪੂ
ਗਵਾਂਢੀ ਬੱਚਾ ਰੋਵੇ

ਧਰਤੀ ਚੰਨ ਸਿਤਾਰੇ
ਸੂਰਜ ਆਲ਼ੇ ਦੁਆਲ਼ੇ
ਧੂਣੀ ਸੇਕਣ ਸਾਰੇ

ਸ਼ਹਿਰ-ਬਿਜਲੀ ਗਈ
ਬੜੇ ਚਿਰਾਂ ਬਾਅਦ
ਪੰਛੀ-ਅਵਾਜ਼ ਕੰਨੀਂ ਪਈ

ਤਿੱਪ, ਤਿੱਪ, ਟਿੱਪ, ਟਿੱਪ
ਤਿਪਕਣ ਦੀ ਅੰਦਰ
ਮੀਂਹ ਦੀ ਬਾਹਰ ਅਵਾਜ਼

ਕੁੱਛੜ ਚੁੱਕੇ ਬੱਚੇ
ਪੇਂਡੂ ਦੁੱਧ ਚੁੰਘਾਵੇ
ਸ਼ਹਿਰੀ ਦੁੱਧ ਪਿਆਵੇ

ਚਿੱਟੇ ਬਸਤਰ ਮਾਈਆਂ
ਕੋਠੀ ਦੀ ਤਾਰੀਫ਼ ਕਰਦੀਆਂ
ਮਰਗਤ ਉੱਤੇ ਆਈਆਂ

ਮਾਇਆ ਦੀ ਮੇਹਰਬਾਨੀ
ਪੁੱਤਰ ਨੂੰਹਾਂ ਸਵਾ ਰੁਪਈਆ
ਬਾਪੂ ਮਸਾਂ ਚੁਆਨੀ

ਛੱਤੇ ਅੰਦਰ ਦੋਵੇਂ
ਮਿੱਠਾ ਮਖ਼ਿਆਲ ਵੀ
ਮੱਖੀਆਂ ਦੇ ਡੰਗ ਵੀ

ਬੋਤਲ ਪੀਗੇ ਸਾਰੀ
ਅਧੀਏ ਜਿੱਡਾ ਬੰਦਾ
ਪਊਏ ਜਿੱਡੀ ਨਾਰੀ

ਜੱਗ ਤੋਂ ਬੇਖ਼ਬਰ
ਬੱਚਾ ਖੇਲ ਰਿਹਾ
ਪਾ ਰੇਤ ਦਾ ਘਰ

ਚੌਰਸ ਦਿਸੇ ਮਕਾਨ
ਬਾਪੂ—ਬੇਬੇ—ਬੱਚੇ
ਅੰਦਰ ਵਸੇ ਤਿਕੋਨ

ਭਾਂਤ ਭਾਂਤ ਸਵਾਰੀ
ਕੌਮਾਂਤਰੀ ਉਡਾਨ ’ਚੋਂ
ਦਿਖਦੀ ਦੁਨੀਆਂ ਸਾਰੀ

ੳੁਡਣ ਕਬੂਤਰ ਚੀਨੇ
ਸੀਟੀ ਮਾਰ ਬੁਲਾਵੇ
ਤਲੀ 'ਤੇ ਚੋਗ ਚੁਗਾਵੇ

ਗੰਗਾ ਜਲ਼ ਪੀਕੇ ਮਰੇ
ਸਿੱਧਾ ਸੁਰਗ ਨੂੰ ਜਾਵੇ
ਪਰ ਜੀਂਦਾ ਪੀਣੋ ਡਰੇ

ਕਰਦੇ ਦੁੱਖ ਸੁੱਖ (ਹਾਇਗਾ)
ਇਕ ਦੂਜੇ ਗਲ਼ ਲੱਗ
ਝੱਖੜ ਪਿਛੋਂ ਰੁੱਖ

ਬੱਦਲ਼ਾਂ ਦਾ ਵਿਛੌਣਾ
ਜੰਪਿੰਗ ਜੰਪਿੰਗ ਕਰਦਾ
ਬਣੇ ਜਹਾਜ਼ ਖਿਡੌਣਾ

ਇਕੋ ਬੂਟੇ ਤੋਂ
ਬੰਦਾ ਖਾਵੇ ਲਾਲ ਟਮਾਟਰ
ਸੁੰਡੀ ਪੱਤੇ ਹਰੇ

ਕਰਨ ਫ਼ੋਨ ’ਤੇ ਗੱਲਾਂ
‘ਮਿੱਸ ਕਾਲ ਕਿਉਂ ਮਾਰੀ’
‘ਮਿਸ ਕਰਦੀ ਆਂ ਦੱਦੂ’

ਲੁਕਣ-ਮੀਚੀ ਖੇਡਦੇ
ਪਾਰਕ ਅੰਦਰ ਬੱਚੇ
ਫੁੱਲਾਂ ਅੰਦਰ ਤਿਤਲੀਆਂ

ਭਮੱਕੜ ਸਾਰੀ ਰਾਤ
ਕਰਦੇ ਰਹੇ ਕੋਸ਼ਿਸ਼
ਰੋਕੀਏ ਦੀਵੇ ਦੀ ਲੋਅ

ਖਹਿ ਖਹਿ ਲੰਘਦੀਆਂ (ਹਾਇਗਾ)
ਫੁੱਲਾਂ ਨਾਲ ਤਿਤਲੀਆਂ
ਰੰਗ ਬਰੰਗੇ ਰੰਗਦੀਆਂ

ਹਵਾ ਰੁੱਖ 'ਚੋਂ ਲੰਘੀ
ਇਕ ਦੂਜੇ ਦੇ ਸਿਰ 'ਤੇ
ਪੱਤੇ ਕਰਦੇ ਕੰਘੀ

ਲੈਕੇ ਮਾਂ ਦੀ ਚੁੰਨੀ
ਜਾਲ਼ ਬਣਾਕੇ ਬੱਚੇ
ਫੜਨ ਰੁਮਕਦੀ 'ਵਾ

ਨਿਪੱਤਰੇ ਰੁੱਖ ਦੀ ਛਾਂ
ਢਲ਼ੀ ਦੁਪਹਿਰੇ ਬਾਬਾ
ਲੱਭਦਾ ਥੋੜੀ ਥਾਂ